# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/੨੦੧੪੫੬੬੪
ਮਿਤੀ : 12-11-2014

ਵਿਸ਼ਾ :- ਸਾਇੰਸ ਅਤੇ ਮੈਥ ਵਿਸ਼ੇ ਦਾ ਓਲੰਪੀਆਡ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਸਾਇੰਸ ਅਤੇ ਮੈਥ ਵਿਸ਼ੇ ਦਾ ਓਲੰਪੀਆਡ ਕਰਵਾਇਆ ਜਾ ਰਿਹਾ ਹੈ।ਇਸ ਵਿੱਚ ਛੇਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀ ਹਿੱਸਾ ਲੈਣਗੇ। ਇਹ ਓਲੰਪੀਆਡ ਸਾਇੰਸ, ਮੈਥ ਵਿਸ਼ਿਆਂ ਅਧੀਨ ਕਰਵਾਇਆ ਜਾਵੇਗਾ ਅਤੇ ਇਸ ਦਾ ਮੂਲ ਆਧਾਰ Traffic Rules, Drug de-addtiction, Moral Values ਅਤੇ Altruism ਹੋਵੇਗਾ।

ਇਹ ਕੰਪੀਟੀਸ਼ਨ ਚਾਰ ਪੜਾਵਾਂ ਵਿੱਚ ਕਰਵਾਇਆ ਜਾਵੇ:

| | | |
|---|---|---|
| 1 | ਸਕੂਲ ਪੱਧਰ | 10.12.2014 ਤੱਕ |
| 2 | ਬਲਾਕ ਪੱਧਰ | 18.12.2014 |
| 3 | ਜ਼ਿਲ੍ਹਾ ਪੱਧਰ | 14.01.2015 |
| 4 | ਰਾਜ ਪੱਧਰ | ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ |

ਇਸ ਮੁਕਾਬਲੇ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਹੋਵੇਗਾ। ਸਕੂਲ ਪੱਧਰੀ ਮੁਕਾਬਲੇ ਤੋਂ ਬਾਅਦ ਬਲਾਕ ਪੱਧਰੀ ਮੁਕਾਬਲੇ ਵਿੱਚ ਹਰੇਕ ਬਲਾਕ ਵਿੱਚ 200 ਵਿਦਿਆਰਥੀ ਭਾਗ ਲੈਣਗੇ, ਜਿਸ ਵਿੱਚ 100 ਵਿਦਿਆਰਥੀ ਛੇਵੀਂ ਜਮਾਤ ਦੇ ਅਤੇ 100 ਵਿਦਿਆਰਥੀ ਅੱਠਵੀਂ ਜਮਾਤ ਦੇ ਭਾਗ ਲੈਣਗੇ।200 ਵਿਦਿਆਰਥੀਆਂ ਵਿੱਚੋਂ 50 ਵਿਦਿਆਰਥੀ (25 ਛੇਵੀਂ ਜਮਾਤ ਦੇ + 25 ਅੱਠਵੀਂ ਜਮਾਤ ਦੇ) ਹਰੇਕ ਬਲਾਕ ਵਿੱਚੋਂ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਭਾਗ ਲੈਣਗੇ।ਹਰੇਕ ਜ਼ਿਲ੍ਹੇ ਵਿੱਚੋਂ 20 ਵਿਦਿਆਰਥੀ ( 10 ਛੇਵੀਂ + 10 ਅੱਠਵੀਂ ਜਮਾਤ ਦੇ) ਸਟੇਟ ਪੱਧਰ ਦੇ ਓਲੰਪੀਆਡ ਵਿੱਚ ਭਾਗ ਲੈਣਗੇ।ਰਾਜ ਪੱਧਰੀ ਓਲੰਪੀਆਡ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਕਰਵਾਇਆ ਜਾਵੇਗਾ।

2.0 ਸਿਲੇਬਸ: ਛੇਵੀਂ ਅਤੇ ਅੱਠਵੀਂ ਦੋਵੇਂ ਜਮਾਤਾਂ ਵਾਸਤੇ ਦਸੰਬਰ 2014 ਤੱਕ ਕਵਰ ਕੀਤਾ ਗਿਆ ਸਿਲੇਬਸ ਹੋਵੇਗਾ। ਪ੍ਰਸ਼ਨ ਪੱਤਰ ਮੈਥ, ਸਾਇੰਸ ਵਿਸ਼ਿਆਂ ਦਾ ਤਿਆਰ ਕੀਤਾ ਜਾਵੇ ਅਤੇ ਇਸ ਦਾ ਮੂਲ ਆਧਾਰ Traffic Rules, Durg de-addtiction ਅਤੇ Altruism ਹੋਵੇਗਾ।ਪ੍ਰਸ਼ਨ ਪੱਤਰ ਵਿੱਚ 100 ਪ੍ਰਸ਼ਨ MCQ (Multiple Choice Questions) ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਸਮਾਂ ਦੋ ਘੰਟੇ ਦਾ ਹੋਵੇਗਾ।ਹਰੇਕ ਜ਼ਿਲ੍ਹੇ ਵਿੱਚੋਂ ਸਟੇਟ ਪੱਧਰ ਤੇ ਜਾਣ ਵਾਲੇ 20 ਵਿਦਿਆਰਥੀਆਂ ਨੂੰ (10 ਛੇਵੀਂ + 10 ਅੱਠਵੀਂ) ਨੂੰ 100/- ਪ੍ਰਤੀ ਵਿਦਿਆਰਥੀ ਨਕਦ ਇਨਾਮ ਰਾਸ਼ੀ ਦਿੱਤੀ ਜਾਵੇ।

3.0 ਪ੍ਰਸ਼ਨ ਪੱਤਰ ਅਤੇ OMR ਸ਼ੀਟ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਅਤੇ ਉਨ੍ਹਾਂ ਦੀ ਟੀਮ ਦੁਆਰਾ ਤਿਆਰ ਕੀਤੀ ਜਾਵੇਗੀ ਅਤੇ ਪ੍ਰਸ਼ਨ ਪੱਤਰ ਦੀ ਇੱਕ ਸਾਫਟ ਕਾਪੀ ਸਾਇੰਸ/ਮੈਥ ਸੈਲ ਨੂੰ ਦੋ ਦਿਨ ਪਹਿਲਾਂ ਈ-ਮੇਲ ID **ssascience41@gmail.com** ਤੇ ਭੇਜੀ ਜਾਵੇਗੀ।

4.0 ਪੇਪਰ ਦੀ ਮਾਰਕਿੰਗ ਉਸੇ ਦਿਨ ਹੀ ਮੌਕੇ ਤੇ (ਟੇਬਲ ਮਾਰਕਿੰਗ) ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੀ ਨਿਗਰਾਨੀ ਵਿੱਚ ਹੋਵੇਗੀ। ਮੌਕੇ ਤੇ ਹੀ ਰੀ-ਚੈਕਿੰਗ ਵੀ ਕਰਵਾਈ ਜਾਵੇ।ਅਗਲੇ ਦਿਨ ਨਤੀਜਾ ਸਾਇੰਸ/ਮੈਥ ਸੈਲ ਨੂੰ ਈ-ਮੇਲ ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।ਵਿਦਿਆਰਥੀ ਉੱਤਰ OMR Sheet ਤੇ ਦੇਣਗੇ।

5.0 ਉੱਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ